# PC–1008/MJ

**F–7/2051**

## ਪੰਜਾਬੀ ਕੁਆਲੀਫਾਇੰਗ

Mudla Gyan

(Semester–II)

Time : Three Hours] [Maximum Marks : 75

### ਭਾਗ-ੳ

I. (ੳ) ਦੋ ਜਾਂ ਤਿੰਨ ਅੱਖਰਾਂ ਵਾਲੇ ਕੋਈ ਦਸ ਸ਼ਬਦ ਲਿਖੋ।

(ਅ) ਚਾਰ ਜਾਂ ਪੰਜ ਅੱਖਰਾਂ ਵਾਲੇ ਕੋਈ ਪੰਜ ਸ਼ਬਦ ਲਿਖੋ।

(ੲ) ਹੇਠ ਲਿਖਿਆਂ ਵਿਚੋਂ ਕਿਸੇ *ਪੰਜ* ਦੇ ਸ਼ਬਦ-ਜੋੜ ਠੀਕ ਕਰਕੇ ਲਿਖੋ :

ਸੇਹਤ, ਸ਼ੈਹਰ, ਗੈਹਣਾ, ਨੌਂਹ, ਦੁਪੈਰ, ਚੋਲ, ਪੀਂਗ, ਆਯਾ।

5+5+5=15

II. (ੳ) ਹੇਠ ਲਿਖੇ ਵਾਕਾਂ ਵਿਚੋਂ *ਪੰਜ* ਨਾਂਵ ਅਤੇ *ਪੰਜ* ਕਿਰਿਆ ਸ਼ਬਦ ਅਲੱਗ ਕਰਕੇ ਲਿਖੋ :

1. ਹੁਣ ਸਮਾਜ ਬਦਲ ਰਿਹਾ ਹੈ।

2. ਪਿੰਡਾਂ ਦੇ ਲੋਕਾਂ ਨੇ ਪੱਕੇ ਮਕਾਨ ਬਣਾ ਲਏ ਹਨ।

3. ਖਿਡਾਰੀ ਮੈਦਾਨ ਵਿਚ ਖੇਡ ਰਹੇ ਹਨ।

4. ਤੁਹਾਡਾ ਦੋਸਤ ਕਦੋਂ ਆਵੇਗਾ?

5. ਮਨਜੀਤ ਨੂੰ ਕਾਲਜ ਵਿਚ ਦਾਖਲਾ ਮਿਲ ਚੁੱਕਾ ਹੈ।

(ਅ) ਹੇਠ ਲਿਖੇ ਇਸਤਰੀ ਲਿੰਗ ਸ਼ਬਦਾਂ ਵਿਚੋਂ ਕਿਸੇ *ਪੰਜ* ਦੇ ਪੁਲਿੰਗ ਰੂਪ ਲਿਖੋ :

ਕਬੂਤਰੀ, ਅਧਿਆਪਕਾ, ਜਿਠਾਣੀ, ਧੋਬਣ, ਔਰਤ, ਮੁਟਿਆਰ, ਦੁਆਬਣ। 5+5=10

**ਭਾਗ–ਅ**

III. (ੳ) ਹੇਠ ਲਿਖੇ ਸ਼ਬਦਾਂ ਵਿਚੋਂ ਕਿਸੇ *ਪੰਜ* ਦੇ ਅਗੇਤਰ ਅਲੱਗ ਕਰੋ :

ਅਣਗਹਿਲੀ, ਸਹਿਯੋਗ, ਹਮਸ਼ਕਲ,ਕਮਜ਼ੋਰ, ਨਿਰਗੁਣ, ਪੜਦਾਦਾ, ਲਾਇਲਾਜ।

(ਅ) ਹੇਠ ਲਿਖੇ ਵਾਕਾਂ ਵਿਚੋਂ ਕੋਈ *ਪੰਜ* ਵਾਕੰਸ਼ ਚੁਣੋ :

1. ਵਿਗਿਆਨ ਦਾ ਖੇਤਰ ਹੋਰ ਵੱਡਾ ਹੋ ਰਿਹਾ ਹੈ।

2. ਭਾਰਤੀ ਸਮਾਜ ਵਿਚ ਔਰਤ ਦੀ ਸਥਿਤੀ ਅਜੇ ਵੀ ਮਰਦ ਦੇ ਬਰਾਬਰ ਨਹੀਂ।

3. ਇਹ ਕਾਲਜ ਸਾਡੇ ਸ਼ਹਿਰ ਦਾ ਸਭ ਤੋਂ ਵੱਡਾ ਕਾਲਜ ਹੈ।

4. ਬੁਰੀ ਸੰਗਤ ਨਾਲੋਂ ਇਕੱਲੇ ਰਹਿਣਾ ਚੰਗਾ ਹੈ।

5. ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ ਪੰਜਾਬੀਆਂ ਦਾ ਮਨਪਸੰਦ ਖਾਣਾ ਹੈ। 5+5=10

IV. ਹੇਠ ਲਿਖੇ ਪੈਰ੍ਹੇ ਨੂੰ ਵਿਸਰਾਮ ਚਿੰਨ੍ਹ ਲਗਾ ਕੇ ਲਿਖੋ :

ਉਹਨਾਂ ਨੇ ਆਪਣੀ ਪਤਨੀ ਨੂੰ ਅਵਾਜ਼ ਦਿੱਤੀ ਭਾਗੋ ਜੀ ਸੈਲਾਨੀ ਪਰਿਵਾਰ ਆਇਆ ਹੈ ਇਹਨਾਂ ਲਈ ਚਾਹ ਤਿਆਰ ਕਰੋ ਇਕ ਬਿਰਧ ਪਰ ਨਰੋਏ ਸਰੀਰ ਦੀ ਹਸੂੰ ਹਸੂੰ ਕਰਦੀ ਬੀਬੀ ਬਾਹਰ ਆਈ ਤੇ ਕਹਿਣ ਲੱਗੀ ਆਪਣੇ ਘਰ ਸੱਜਣ ਆਉਣ ਤਾਂ ਕਿਉਂ ਨਾ ਚਾਹ ਪਿਆਈਏ ਚਾਹ ਹੁਣੇ ਪਲਾਂ ਛਿਣਾਂ ਵਿਚ ਤਿਆਰ ਹੋ ਜਾਂਦੀ ਏ ਮਹਿਮਾਨ ਹੈਰਾਨ ਸਨ ਕਿ ਬਿਨਾਂ ਕਿਸੇ ਜਾਣ-ਪਛਾਣ ਦੇ ਏਨੀ ਮਿਹਰਬਾਨੀ ਕਿਉਂ 10

## ਭਾਗ-ੲ

V. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ *ਪੰਦਰਾਂ* ਦੇ ਸੰਖੇਪ ਉੱਤਰ ਦਿਓ :

1. 'ਸ' ਅਤੇ 'ਬ' ਅੱਖਰਾਂ ਨੂੰ ਸ਼ੁਰੂ ਵਿਚ ਰੱਖ ਕੇ ਦੋ-ਦੋ ਸ਼ਬਦ ਬਣਾਓ।

2. 'ਕੀਮਤੀ' ਅਤੇ 'ਸਕੂਲ' ਸ਼ਬਦਾਂ ਨੂੰ ਵਾਕਾਂ ਵਿਚ ਵਰਤੋ।

3. ਇਕੱਠਵਾਚਕ ਨਾਂਵ ਦੀਆਂ ਚਾਰ ਉਦਾਹਰਣਾਂ ਦਿਓ।

4. ਕੋਈ ਚਾਰ ਵਿਸ਼ੇਸ਼ਣ ਸ਼ਬਦ ਲਿਖੋ।

5. ਕੋਈ ਚਾਰ ਪੜਨਾਂਵ ਸ਼ਬਦ ਲਿਖੋ।

6. ਨੀਤੂ ਕੱਲ੍ਹ ਅੰਮ੍ਰਿਤਸਰ ਜਾਵੇਗੀ।
(ਵਾਕ ਵਿਚ ਕਿਰਿਆ ਦਾ ਕਾਲ-ਰੂਪ ਕਿਹੜਾ ਹੈ?)

7. ਕਿਰਿਆ ਵਿਸ਼ੇਸ਼ਣ ਵਾਲੇ ਦੋ ਵਾਕ ਲਿਖੋ।

8. 'ਸਹੂੰ' ਅਤੇ 'ਹਵਾ' ਸ਼ਬਦਾਂ ਦੇ ਬਹੁਵਚਨ ਲਿਖੋ।

9. 'ਸੰਦੂਕ' ਅਤੇ 'ਪੰਜਾਬੀ' ਸ਼ਬਦਾਂ ਦੇ ਇਸਤਰੀ-ਲਿੰਗ ਰੂਪ ਲਿਖੋ।

10. ਮਾਤਾ ਜੀ ਰੋਟੀ ਪਕਾ ਰਹੇ ਹਨ।
(ਵਾਕ ਨੂੰ ਭਵਿੱਖਤ ਕਾਲ ਵਿਚ ਬਦਲੋ)

11. 'ਸ਼ਾਲਾ' ਅਤੇ 'ਦਾਨ' ਨੂੰ ਪਿਛੇਤਰ ਵਜੋਂ ਵਰਤ ਕੇ ਦੋ ਸ਼ਬਦ ਬਣਾਓ।

12. ਕੋਈ ਚਾਰ ਸਮਾਸੀ ਸ਼ਬਦ ਲਿਖੋ।

13. ਦੋ ਸਧਾਰਨ ਵਾਕ ਲਿਖੋ।

14. ਦੋ ਪ੍ਰਸ਼ਨਵਾਚਕ ਵਾਕ ਲਿਖੋ।

15. ਜੇ ਤੁਸੀਂ ਹਿੰਮਤ ਨਾ ਕੀਤੀ ਤਾਂ ਇਸ ਸੰਕਟ ਵਿਚੋਂ ਨਿਕਲ ਨਹੀਂ ਸਕੋਗੇ। (ਉਪਵਾਕ ਅਲੱਗ ਕਰੋ)

16. 'ਪੁੱਠ' ਕੌਮਿਆਂ ਦੀ ਵਰਤੋਂ ਕਰਦਿਆਂ ਕੋਈ ਵਾਕ ਲਿਖੋ।

17. ਕੋਈ ਚਾਰ ਵਿਸਰਾਮ ਚਿੰਨ੍ਹ ਲਿਖੋ। 15×2=30

---